375-SC/ST Cell
4/11/2019


**ਦਫ਼ਤਰ: ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ, ਐਸ.ਏ.ਐਸ ਨਗਰ**

(ਵਜ਼ੀਫਾ-3 ਸ਼ਾਖਾ )

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਕੰਪਲੈਕਸ, ਈ-ਬਲਾਕ, ਸੱਤਵੀਂ ਮੰਜ਼ਿਲ, ਸੈਕਟਰ62, ਐਸ.ਏ.ਐਸ ਨਗਰ

Email: scholarshipcolleges@gmail.com

Phone No:- 0172-5036787


(SC/ST-cell)
DR (SC/ST Cell) DRE
DL
01-11-2019
OS(COE)
16190/CE/mail
0?/11/19

ਸੇਵਾ ਵਿਖੇ

ਰਜਿਸਟਰਾਰ,

1. ਪੰਜਾਬੀ ਯੂਨੀਵਰਸਿਟੀ ਪਟਿਆਲਾ।
2. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
3. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ।
4. ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ।
5. ਪੰਜਾਬ ਰਾਜ ਦੀਆਂ ਸਮੂਹ ਪ੍ਰਾਈਵੇਟ ਯੂਨੀਵਰਸਿਟੀਆਂ।
6. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ।

ਮੀਮੋ ਨੰ: 8/3-2011- ਸਕਾ-3 (2)
ਮਿਤੀ, ਐਸ.ਏ.ਐਸ ਨਗਰ: 29-10-2019

ਵਿਸ਼ਾ:- ਰਾਜ ਯੋਗਤਾ ਵਜ਼ੀਫਾ ਸਕੀਮ ਸਟੇਟ ਮੈਰਿਟ / ਦੰਗਾ ਪੀੜਤ (ਨਾਨ ਪਲਾਨ) ਸਕਾਲਰਸ਼ਿਪ ਸਕੀਮ ਅਧੀਨ ਸਾਲ 2019-20 ਦੇ ਵਜ਼ੀਫਾ ਫਾਰਮ ਭੇਜਣ ਬਾਰੇ।

ਹਵਾਲਾ:- ਇਸ ਦਫ਼ਤਰ ਦੇ ਪੱਤਰ ਨੰ: 8/3-2011- ਸਕਾ-3 (2)/93-98 ਮਿਤੀ 17-09-2019 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਸਬੰਧੀ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਕਾਲਜਾਂ ਤੋਂ ਸਟੇਟ ਮੈਰਿਟ, ਦੰਗਾ ਪੀੜਤ (ਨਾਨ-ਪਲਾਨ) ਸਕਾਲਰਸ਼ਿਪ ਸਕੀਮਾਂ ਅਧੀਨ ਸਾਲ 2019-20 ਵਿੱਚ ਜਿਹੜੇ ਵਿਦਿਆਰਥੀਆਂ ਨੂੰ ਇਨ੍ਹਾਂ ਸਕੀਮਾਂ ਅਧੀਨ ਵਜ਼ੀਫਾ ਦਿੱਤਾ ਜਾਣਾ ਹੈ, ਉਨ੍ਹਾਂ ਦੇ ਫਾਰਮ ਹਰ ਪੱਖੋਂ ਮੁਕੰਮਲ ਕਰਕੇ ਮਿਤੀ 08-11-2019 ਤੱਕ ਭੇਜੇ ਜਾਣ। ਇਸ ਲਈ ਮਿਤੀ 08-11-2019 ਤੋਂ ਪਹਿਲਾਂ (ਸਬੰਧਤ ਯੂਨੀਵਰਸਿਟੀ/ ਬੋਰਡ ਰਾਹੀਂ) ਦਫਤਰ ਦੇ ਐਡਰੈਸ ਤੇ ਹਾਰਡ ਕਾਪੀਆਂ ਪੁੱਜਦੀਆਂ ਕੀਤੀਆਂ ਜਾਣ ਤਾਂ ਜੋ ਸਮੇਂ ਸਿਰ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾ ਸਕਣ। ਇਹ ਧਿਆਨ ਦੇਣ ਯੋਗ ਹੈ ਕਿ ਸਟੇਟ ਮੈਰਿਟ ਸਕੀਮ ਅਧੀਨ ਪ੍ਰੋਫੈਸ਼ਨਲ ਕੋਰਸਾਂ ਨੂੰ ਵਜ਼ੀਫਾ ਨਹੀਂ ਦਿੱਤਾ ਜਾਂਦਾ।

ਰਾਜ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵੱਖਵੱਖ ਸਕੀਮਾਂ ਅਧੀਨ ਲਾਭ ਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਦੀ ਅਦਾਇਗੀ ਲਾਭ ਪਾਤਰੀਆਂ ਦੇ ਖਾਤਿਆਂ ਵਿੱਚ ਇਲੈਕਟ੍ਰਾਨਿਕਲੀ ਟਰਾਂਸਫਰ ਕਰਨਾ ਯਕੀਨੀ ਬਣਾਇਆ ਜਾਣਾ ਹੈ। ਇਸ ਲਈ ਵਿਦਿਆਰਥੀਆਂ ਦਾ ਬੈਂਕ ਅਕਾਊਂਟ ਨੰਬਰ, ਆਈ.ਐਫ.ਐਸ.ਸੀ. ਕੋਡ, ਮੋਬਾਇਲ ਨੰਬਰ, ਈਮੇਲ, ਆਧਾਰ ਕਾਰਡ ਨੰਬਰ ਅਤੇ ਪਤਾ ਦੇਣਾ ਅਤਿ ਜ਼ਰੂਰੀ ਹੈ।

ਉਪਰੋਕਤ ਤੋਂ ਬਿਨ੍ਹਾਂ ਵਿਦਿਆਰਥੀਆਂ ਦਾ ਫਾਰਮ ਵਜ਼ੀਫੇ ਲਈ ਵਿਚਾਰਿਆ ਨਹੀਂ ਜਾਵੇਗਾ। ਇਸ ਦੀ ਜ਼ਿੰਮੇਵਾਰੀ ਆਪ ਦੀ ਹੋਵੇਗੀ।

ਸਹਾਇਕ ਡਾਇਰੈਕਟਰ (ਵਜ਼ੀਫਾ)

ਪਿੱਠ ਅੰਕਣ ਨੰ: 8/3-2011- ਸਕਾ-3 (2)

ਮਿਤੀ, ਐਸ.ਏ.ਐਸ ਨਗਰ:29.10.2019

ਉਪਰੋਕਤ ਦਾ ਉਤਾਰਾ ਪੰਜਾਬ ਰਾਜ ਦੇ ਸਮੂਹ ਸਰਕਾਰੀ ਕਾਲਜਾਂ/ ਯੂਨੀਵਰਸਿਟੀਆਂ ਦੇ ਨੋਡਲ ਅਫਸਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਸਰਕਾਰੀ / ਪ੍ਰਾਈਵੇਟ ਏਡਿਡ ਕਾਲਜਾਂ, ਅਣਏਡਿਡ ਕਾਲਜਾਂ / ਯੂਨੀਵਰਸਿਟੀਆਂ ਦੇ ਯੋਗ ਵਿਦਿਆਰਥੀਆਂ ਦੇ ਵਜ਼ੀਫਾ ਫਾਰਮ ਸਬੰਧਤ ਯੂਨੀਵਰਸਿਟੀਆਂ / ਬੋਰਡ ਰਾਹੀਂ ਇਸ ਵਿਭਾਗ 08-11-2019 ਤੋਂ ਪਹਿਲਾਂ ਭੇਜਣੇ ਯਕੀਨੀ ਬਣਾਏ ਜਾਣ।

ਸਹਾਇਕ ਡਾਇਰੈਕਟਰ (ਵਜ਼ੀਫਾ)

PTO